بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 09 .01.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 9 ਜਨਵਰੀ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਚੇਤੇ ਰੱਖੋ ਕਿ ਨਵੇਂ ਆਉਣ ਵਾਲੇ ਅਖ਼ਸਲਾਸ ਤੇ ਸਦਭਾਵਨਾ ਵਿੱਚ ਤੇਜ਼ੀ ਨਾਲ ਤਰੱਕੀ ਕਰ ਰਹੇ ਹਨ ਨੇਕੀਆਂ ਵਿੱਚ ਅੱਗੇ ਵੱਧਣ ਦੀ ਭਾਵਨਾ ਜੋ ਹੈ ਉਸ ਵਿੱਚ ਪੁਰਾਣੇ ਅਹਮਦੀਆਂ ਨੂੰ ਪੁਰਾਣੇ ਖ਼ਾਨਦਾਨਾ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਬਹੁਤ ਚਿੰਤਾ ਤੇ ਗ਼ੌਰ ਕਰਨਾ ਚਾਹੀਦਾ ਹੈ । ਦੁਰੂਦ ਸ਼ਰੀਫ਼ ਇਹਨਾਂ ਦਿਨਾਂ ਵਿੱਚ ਬਹੁਤ ਪੜ੍ਹਨ ਵੱਲ ਧਿਆਨ ਦੇਣ ।

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

فَاتَّقُوا اللّٰہَ مَا اسۡتَطَعۡتُمۡ وَاسۡمَعُوۡا وَاَطِیۡعُوۡا وَاَنۡفِقُوۡا خَیۡرًا لِّاَنۡفُسِکُمۡ ؕ وَمَنۡ یُّوۡقَ شُحَّ نَفۡسِہٖ فَاُولٰٓئِکَ ہُمُ الۡمُفۡلِحُوۡنَ ۞ اِنۡ تُقۡرِضُوا اللّٰہَ قَرۡضًا حَسَنًا یُّضٰعِفۡہُ لَکُمۡ وَیَغۡفِرۡ لَکُمۡ ؕ وَاللّٰہُ شَکُوۡرٌ حَلِیۡمٌ } (التغابن 17-18

ਅਲੱਾਹ ਦਾ ਤਕਵਾ (ਸੰਜਮਤਾ) ਧਾਰਨ ਕਰੋ ਜਿੱਥੋਂ ਤੱਕ ਤੁਹਾਨੂੰ ਤੌਫ਼ੀਕ ਹੈ ਅਤੇ ਸੁਣੋ, ਆਗਿਆਕਰੀ ਕਰੋ ਅਤੇ ਖ਼ਰਚ ਕਰੋ ਕਿ ਤੁਹਾਡੇ ਲਈ ਚੰਗਾ ਹੋਵੇਗਾ । ਜੋ ਨਫ਼ਸ ਦੀ ਕੰਜੂਸੀ ਤੋਂ ਬਚਾਏ ਜਾਣਗੇ, ਇਹੋ ਉਹ ਲੋਕ ਹਨ ਜੋ ਸਫ਼ਲ ਹੋਣ ਵਾਲੇ ਹਨ । ਜੇਕਰ ਤੁਸੀਂ ਅਲੱਾਹ ਨੂੰ ਚੰਗਾ ਕਰਜ਼ਾ ਦਿਓਗੇ ਤਾਂ ਉਹ ਤੁਹਾਡੇ ਲਈ ਵਧਾ ਦੇਵੇਗਾ ਅਤੇ ਤੁਹਾਨੂੰ ਬਖ਼ਸ਼ ਦੇਵੇਗਾ ਅਤੇ ਅਲੱਾਹ ਬਹੁਤ ਹੀ ਕਦਰ ਕਰਨ ਵਾਲਾ ਤੇ ਸਹਿਨਸ਼ੀਲ ਹੈ ।

ਅੱਜ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਜਮਾਤ ਹੀ ਉਹ ਜਮਾਤ ਹੈ ਜੋ ਰੱਬ ਦੀ ਰਜ਼ਾ ਲਈ ਉਸ ਦੀ ਖ਼ਾਤਰ ਚੰਗੇ ਮੰਤਵਾਂ ਦੀ ਪ੍ਰਗਤੀ ਲਈ ਖਰਚ ਕਰਦੀ ਹੈ ਅਤੇ ਖ਼ਰਚ ਕਰਨ ਲਈ ਤਤਪਰ ਰਹਿੰਦੀ ਹੈ । ਇਸਲਾਮ ਦਾ ਪ੍ਰਚਾਰ ਹੈ, ਮੁਬੱਲਲਿਗਾਂ (ਪ੍ਰਚਾਰਕਾਂ) ਦੀ ਤਿਆਰੀ ਅਤੇ ਉਹਨਾਂ ਨੂੰ ਕਾਰਜ ਲਈ ਖੇਤਰਾਂ ਵਿੱਚ ਭੇਜਣਾ ਹੈ, ਲਿਟ੍ਰੇਚਰ ਦੀ ਪ੍ਰਕਾਸ਼ਨਾ ਹੈ, ਕੁਰਆਨ ਕਰੀਮ ਦਾ ਪ੍ਰਕਾਸ਼ਨ ਹੈ, ਮਸਜਿਦਾਂ ਦੀ ਉਸਾਰੀ ਹੈ, ਮਿਸ਼ਨ ਹਾਊਸਜ਼ ਅਤੇ ਸਕੂਲਾਂ ਦੀ ਸਥਾਪਨਾ ਹੈ, ਰੇਡੀਓ ਸਟੇਸ਼ਨਾ ਦਾ ਵੱਖ ਵੱਖ ਦੇਸ਼ਾਂ ਵਿੱਚ ਅਰੰਭ ਕਰਨਾ ਹੈ ਭਾਵ ਜਿੱਥੇਂ ਜਿੱਥੇਂ ਧਰਮ ਦੀ ਸਿੱਖਿਆ ਫੈਲਾਈ ਜਾ ਸਕਦੀ ਹੈ ਹਸਪਤਾਲਾਂ ਦੀ ਸਥਾਪਨਾ ਹੈ ਹੋਰ ਦੂਜੇ ਮਨੁੱਖੀ ਸੇਵਾ ਦੇ ਕਾਰਜ ਹਨ । ਭਾਵ ਇਹ ਕਿ ਇਸੇ ਪ੍ਰਕਾਰ ਦੇ ਭਿੰਨ ਭਿੰਨ ਮਾਨਵ ਸੇਵਾ ਦੇ ਕਾਰਜ ਹਨ ਜੋ ਹਕੂਕੁਲੱਾਹ ਅਤੇ ਹਕੂਕੁਲ ਇਬਾਦ ਨਾਲ ਸੰਬੰਧ ਰੱਖਦੇ ਹਨ ਜੋ ਅੱਜ ਦੁਨੀਆ ਦੇ ਮਾਨਚਿਤੱਰ'ਤੇ ਇਸਲਾਮੀ ਸਿੱਖਿਆ ਅਨੁਸਾਰ ਕੇਵਲ ਜਮਾਤ ਅਹਮਦੀਆ ਹੀ ਕਰ ਰਹੀ ਹੈ । ਇਹ ਇਸ ਲਈ ਕਿ ਅਸੀਂ ਜ਼ਮਾਨੇ ਦੇ ਇਮਾਮ ਨੂੰ ਮੰਨ ਕੇ ਉਹਨਾਂ ਕਾਰਜਾਂ ਦੀ ਭਾਵਨਾ ਨੂੰ ਸਮਝਿਆ ਹੈ । ਅਸੀਂ ਉਹ ਲੋਕ ਹਾਂ ਜਿੰਨ੍ਹਾ ਨੇ ਨਫ਼ਸ ਦੀ ਕੰਜੂਸੀ ਤੋਂ ਬਚਦੇ ਹੋਏ ਉਹਨਾਂ ਲੋਕਾਂ ਵਿੱਚ ਸ਼ਾਮਲ ਹੋਣ ਦਾ ਬੋਧ ਪ੍ਰਾਪਤ ਕੀਤਾ ਹੈ ਜਿੰਨ੍ਹਾ ਦੀ ਗਿਣਤੀ ਮੁਫ਼ਲਿਹੂਨ (ਸਫ਼ਲ ਹੋਣ ਵਾਲਿਆਂ) ਵਿੱਚ ਹੈ । ਇਸ ਦੇ ਅਰਥਾਂ ਵਿੱਚ ਵਿਸਥਾਰ ਹੈ, ਸਫ਼ਲਤਾਵਾਂ ਤੋਂ ਵੱਧਕੇ ਇਸ ਦਾ ਵਿਸਥਾਰ ਹੈ । ਉਹ ਲੋਕ ਜੋ ਬਰਕਤ ਪਾਉਣ ਵਾਲੇ ਹਨ ਜੋ ਸਫ਼ਲਤਾਵਾਂ ਪ੍ਰਾਪਤ ਕਰਨ ਵਾਲੇ ਹਨ, ਆਪਣੀਆਂ ਨੇਕ ਇਛਾਵਾਂ ਦੀ ਪੂਰਨਤਾ ਕਰਨ ਵਾਲੇ ਹਨ । ਉਹ ਲੋਕ ਜੋ ਖ਼ੁਸ਼ਗਵਾਰ ਜੀਵਨ ਬਤੀਤ ਕਰਨ ਦੇ ਇਛੁੱਕ ਹਨ ਅਜਿਹਾ ਖ਼ੁਸਗਵਾਰ ਜੀਵਨ ਜੋ ਕੇਵਲ ਰੱਬ ਖ਼ਾਤਰ ਹੋਵੇ । ਜਿੰਨ੍ਹਾ ਦਾ ਜੀਵਨ ਰੱਬ ਦੀ ਸੁਰੱਖਿਆ ਵਿੱਚ ਆ ਜਾਂਦਾ ਹੈ ਜਿੰਨ੍ਹਾਂ ਨੂੰ ਸਦੈਵੀ ਬਰਕਤ ਪ੍ਰਾਪਤ ਹੁੰਦੀ ਹੈ, ਜੋ ਅਲੱਾਹ ਦੀ ਮਿਹਰ ਨਾਲ ਅਮਨ ਪ੍ਰਾਪਤ ਕਰਨ ਵਾਲੇ ਹਨ । ਜਿੰਨ੍ਹਾ ਤੇ ਸਦਾ ਹੀ ਰੱਬ ਦੀ ਮਿਹਰ ਉਤਰਦੀ ਰਹਿੰਦੀ ਹੈ । ਇਸ ਲੋਕ ਵਿੱਚ ਅਤੇ ਪਰਲੋਕ ਵਿੱਚ ਵੀ । ਸੋ ਜੋ ਲੋਕ ਰੱਬ ਵੱਲੋਂ ਸਫ਼ਲਤਾਵਾਂ ਪ੍ਰਾਪਤ ਕਰਦੇ ਹਨ ਉਹਨਾਂ ਦੀਆਂ ਸਫ਼ਲਤਾਵਾਂ ਸੀਮਤ ਨਹੀਂ ਹੁੰਦੀਆਂ ਹਨ । ਸਗੋਂ ਉਹਨਾਂ ਦੀਆਂ ਸਫ਼ਲਤਾਂਵਾਂ ਦਾ ਅਥਾਹ ਵਿਸਥਾਰ ਹੈ । ਸੋ, ਕਿੰਨ੍ਹੇ ਹੀ ਖ਼ੁਸ਼ਨਸੀਬ ਹਨ ਉਹ ਲੋਕ ਜੋ ਇਸ ਪ੍ਰਕਾਰ ਦੀਆਂ ਸਫ਼ਲਤਾਵਾਂ ਪ੍ਰਾਪਤ ਕਰਨ ਵਾਲੇ ਹਨ । ਖ਼ੁਦਾ

ਤਆਲਾ ਉਧਾਰ ਨਹੀਂ ਰੱਖਦਾ । ਤੁਹਾਡੀਆਂ ਮਾਲੀ ਕੁਰਬਾਨੀਆਂ ਨੂੰ ਰੱਬ ਇਉਂ ਪਿਆਰ ਦੀ ਨਿਗਾਹ ਨਾਲ ਦੇਖਦਾ ਹੈ ਤੇ ਉਹਨਾਂ ਦੀ ਇਸ ਪ੍ਰਕਾਰ ਕਦਰ ਕਰਦਾ ਹੈ ਜਿਵੇਂ ਤੁਸੀਂ ਰੱਬ ਨੂੰ ਚੰਗਾ ਕਰਜ਼ਾ ਦਿੱਤਾ ਹੋਵੇ ਅਤੇ ਜੱਦ ਕਰਜ਼ ਦੀ ਵਾਪਸੀ ਦਾ ਸਮਾਂ ਆਉਂਦਾ ਹੈ ਤਾਂ ਰੱਬ ਉਸਨੂੰ ਵਧਾ ਕੇ ਦਿੰਦਾ ਹੈ ਅਤੇ ਕੇਵਲ ਇਹੋ ਹੀ ਨਹੀਂ ਸਗੋਂ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਕੁਰਬਾਨੀ ਕਰਕੇ ਤੁਹਾਡੇ ਗੁਨਾਹ ਬਖ਼ਸ਼ ਦੇਵੇਗਾ ਅਤੇ ਨ ਕੇਵਲ ਤੁਹਾਡੇ ਗੁਨਾਹ ਬਖ਼ਸ਼ ਦੇਵੇਗਾ ਸਗੋਂ ਵਧੇਰੇ ਨੇਕੀਆਂ ਕਰਨ ਦੀ ਤੌਫ਼ੀਕ ਦੇਵੇਗਾ ।

ਸੋ, ਤੁਸੀਂ ਰੱਬ ਦੀ ਕੀਤੀ ਕਦਰ ਦਾ ਅਨੁਮਾਨ ਹੀ ਨਹੀਂ ਲਾ ਸਕਦੇ । ਸੋ, ਕਿੰਨ੍ਹੇ ਹੀ ਖ਼ੁਸ਼ਕਿਸਮਤ ਹਨ ਉਹ ਲੋਕ ਜੋ ਰੱਬ ਦੇ ਫ਼ੈਜ਼ ਰਾਹੀਂ ਐਨ੍ਹਾਂ ਫ਼ੈਜ਼ ਪਾਉਂਦੇ ਹਨ । ਅੱਜ ਇਸ ਸੰਸਾਰ ਵਿੱਚ ਅਹਮਦੀ ਹੀ ਹਨ ਜਿੰਨ੍ਹਾ ਨੂੰ ਰੱਬ ਦੇ ਮਾਰਗ ਵਿੱਚ ਖਰਚ ਕਰਨ ਦਾ ਬੋਧ ਹੈ ਅਤੇ ਇਸੇ ਸਬਬ ਉਹ ਅਹਮਦੀ ਹੀ ਹਨ ਜੋ ਇਸ ਫ਼ੈਜ਼ ਦੇ ਸੋਮੇ ਤੋਂ ਲਾਭਵੰਦ ਹੋ ਰਹੇ ਹਨ । ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਹਨ ਜੋ ਬਹੁਤ ਜਜ਼ਬਾਤੀ ਰੂਪ ਵਿੱਚ ਅਹਮਦੀ ਪੇਸ਼ ਕਰਦੇ ਹਨ ਕਿ ਕਿਵੇਂ ਅਲੱਾਹ ਤਆਲਾ ਉਹਨਾਂ'ਤੇ ਮਿਹਰ ਕੀਤੀ ਕਿਵੇਂ ਉਹਨਾਂ ਨੂੰ ਕੁਰਬਾਨੀ ਦੀ ਤੌਫ਼ੀਕ ਮਿਲੀ ਅਤੇ ਉਹਨਾਂ ਨੂੰ ਆਪਣੀਆਂ ਆਸਾਂ ਤੋਂ ਵੱਧ ਰੱਬ ਦੀ ਮਿਹਰ ਸਦਕਾ ਉਹ ਹਿਸੱਾ ਪਾਉਂਣ ਵਾਲੇ ਬਣੇ । ਅਜਿਹੀਆਂ ਕੁਝ ਘਟਨਾਵਾਂ ਹਜ਼ੂਰ ਨੇ ਵਰਨਣ ਕੀਤੀਆਂ ।

ਬੈਨਿਨ ਤੋਂ ਸਾਡੇ ਮੁਬੱਲਗ ਸਿਲਸਿਲਾ ਨੇ ਲਿੱਖਿਆ ਕਿ ਤੌਨੋ ਸ਼ਹਿਰ ਤੋਂ ਇਕ ਸਾਧਾਰਣ ਮਨੁੱਖ ਹਨ ਸਲਮਾਨ ਸਾਹਬ ਧੰਨ ਪੱਖੋ ਬਹੁਤ ਕਮਜ਼ੋਰ । ਦਸੰਬਰ ਵਿੱਚ ਜਲਸਾ ਸਾਲਾਨਾ ਬੈਨਨਿ ਵਿੱਚ ਭਾਗ ਲੈਣ ਲਈ ਉਹਨਾਂ ਕੋਲ ਐਨ੍ਹੀ ਵੀ ਸਮਰਥਾ ਨਹੀਂ ਸੀ ਕਿ ਆਪਣੇ ਆਉਣ ਜਾਣ ਲਈ ਪੰਦਰਾ ਸੌ ਸੇਫ਼ਾ ਕਿਰਾਇਆ ਲਗਦਾ ਹੈ ਦੇ ਸਕਣ । ਬਹਿਰਹਾਲ ਉਹਨਾਂ ਨੇ ਜਤਨ ਕਰਕੇ ਇਕ ਪਾਸੇ ਦਾ ਰਿਰਾਇਆ ਖਰਚ ਕਰਕੇ ਜਲਸਾਗਾਹ ਤਾਂ ਪਹੁੰਚ ਗਏ ਪਰ ਵਾਪਸ ਜਾਣ ਦਾ ਕਿਰਾਇਆ ਨਹੀਂ ਸੀ । ਫਿਰ ਓਹਨਾਂ ਦਾ ਪ੍ਰਬੰਧ ਕਰਨਾ ਪਿਆ । ਜਲਸੇ ਬਾਦ ਘਰ ਪਹੁੰਚੇ । ਚਾਰ ਪੰਜ ਦਿਨ ਬਾਦ ਵਕਫ਼ੇ ਜਦੀਦ ਦਾ ਚੰਦਾ ਲੈਣ ਵਾਲੇ ਉਹਨਾਂ ਦੇ ਘਰ ਪਹੁੰਚ ਗਏ । ਸਲਮਾਨ ਸਾਹਬ ਨੇ ਬਹੁਤ ਹੀ ਖ਼ੁਸ਼ੀ ਨਾਲ ਛੇ ਹਜ਼ਾਰ ਫ਼ਰਾਂਕ ਸੇਫ਼ਾ ਲਿਆ ਕੇ ਦੇ ਦਿੱਤਾ । ਇਸ'ਤੇ ਵਸੂਲ ਕਰਨ ਵਾਲੇ ਨੇ ਕਿਹਾ ਕਿ ਆਪ ਬੇਸ਼ਕ ਥੋੜੀ ਰਕਮ ਦੇ ਦਿਓ ਐਨ੍ਹੀ ਵੱਡੀ ਰਕਮ ਨ ਦਿਓ । ਬੱਚਿਆਂ ਲਈ ਵੀ ਰੱਖ ਲਓ ਕਿਉਂਕਿ ਇਹ ਆਪ ਦੀ ਸਮਰਥਾ ਤੋਂ ਵੱਧ ਹੈ । ਤਾਂ ਉਹਨਾਂ ਨੇ ਉਤੱਰ ਦਿਤੱਾ ਕਿ ਜੱਦ ਮੈਂਨੂੰ ਰੱਬ ਨੇ ਇਹ ਰਕਮ ਦਿੱਤੀ ਹੈ ਤਾਂ ਮੈਂ ਉਸ ਦੇ ਮਾਰਗ ਵਿੱਚ ਕਿਉਂ ਨ ਦਿਆਂ । ਇਹ ਮੇਰੀ ਰਕਮ ਨਹੀਂ ਹੈ । ਇਹ ਰੱਬ ਦੀ ਅਮਾਨਤ ਹੈ । ਮੇਰੇ ਕੋਲ ਤਾਂ ਜਲਸੇ ਵਿੱਚ ਜਾਣ ਲਈ ਰਕਮ ਨਹੀਂ ਸੀ । ਬਹੁਤ ਮੁਸ਼ਕਲ ਨਾਲ ਇਕ ਪਾਸੇ ਦਾ ਕਿਰਾਇਆ ਖਰਚ ਕਰਕੇ ਗਿਆ ਸੀ ਵਾਪਸੀ'ਤੇ ਰੱਬ ਨੇ ਐਨ੍ਹਾ ਨਿਵਾਜ਼ਿਆ ਹੈ । ਇਸੇ ਪ੍ਰਕਾਰ ਉਹਨਾਂ ਨੇ ਦੋ ਦਿਨਾ ਬਾਦ ਦੋ ਹਜ਼ਾਰ ਸੇਫ਼ਾ ਦੀ ਵਧੇਰੀ ਅਦਾਇਗੀ ਕੀਤੀ ।

ਫਿਰ ਸੀਰਾਲੀਓਨ ਦੇ ਮੁਬਲੱਗ ਹਨ ਕੇਨਮਾਰ ਰੀਜਨ ਦੇ ਉਹ ਹਾਜੀ ਸ਼ੇਖ਼ੂ ਸਾਹਬ ਬਾਰੇ ਕਹਿੰਦੇ ਹਨ । ਜੱਦ ਸੈਕ੍ਰੇਟਰੀ ਸਾਹਬ ਵਕਫ਼ੇ ਜਦੀਦ, ਵਕਫ਼ੇ ਜਦੀਦ ਦੇ ਚੰਦੇ ਦਾ ਵਾਦਾ ਲੈਣ ਦੇ ਉਦੇਸ਼ ਨਾਲ ਗਏ ਤਾਂ ਡਾਕਟਰ ਹਾਜੀ ਸ਼ੇਖ਼ੂ ਸਾਹਬ ਨੇ ਬੇਟੀ ਨੂੰ ਕਿਹਾ ਕਿ ਵਾਦਾ ਲਿਖਵਾਓ ਤਾਂ ਬੇਟੀ ਨੇ ਕਿਹਾ ਉਹ ਦਸ ਹਜ਼ਾਰ ਲੀਊਨ ਦੇਵੇਗੀ । ਜੱਦ ਬੇਟੀ ਨੇ ਦਸ ਹਜ਼ਾਰ ਕਿਹਾ ਤਾਂ ਉਸ ਦੀ ਮਾਂ ਨੇ ਕਿਹਾ ਕਿ ਐਨ੍ਹੇ ਪੈਸੇ ਕਿੱਥੋਂ ਅਦਾ ਕਰੋ ਗੀ । ਕੁਝ ਦਿਨ ਬੀਤੇ ਸਨ ਕਿ ਡਾਕਟਰ ਸਾਹਬ ਦੇ ਕੁਝ ਸੰਬੰਧੀ ਉਹਨਾਂ ਨੂੰ ਮਿਲਣ ਲਈ ਆਏ ਅਤੇ ਜਾਂਦੇ ਸਮੇਂ ਉਹਨਾਂ ਨੇ ਬੇਟੀ ਨੂੰ ਪੰਦਰਾ ਹਜ਼ਾਰ ਲੀਊਨ ਦਿੱਤੇ । ਬੇਟੀ ਨੇ ਉਸੇ ਸਮੇਂ ਡਾਕਟਰ ਸਾਹਬ ਨੂੰ ਦਸ ਹਜ਼ਾਰ ਲੀਊਨ ਦਿੱਤੇ ਅਤੇ ਕਿਹਾ ਕਿ ਇਹ ਮੇਰਾ ਚੰਦਾ ਹੈ ਜੋ ਮੈਂ ਵਾਦਾ ਕੀਤਾ ਸੀ ।

ਸੋ, ਇਹਨਾ ਦੂਰ ਦੁਰਾਡਿਆਂ ਤੇ ਖੇਤਰਾਂ ਵਿੱਚ ਰਹਿਣ ਵਾਲੇ ਅਹਮਦੀਆਂ ਨੂੰ ਵੀ ਅਤੇ ਅਹਮਦੀ ਬੱਚਿਆਂ ਨੂੰ ਵੀ ਰੱਬ ਨੇ ਅਥਾਹ ਖ਼ਲੂਸ ਦਿੱਤਾ ਹੋਇਆ ਹੈ ਅਤੇ ਉਹ ਚੰਦਿਆਂ ਦੀ ਮਹਤੱਤਾ ਨੂੰ ਸਮਝਦੇ ਹਨ । ਕੌਣ ਹੈ ਜੋ ਇਹਨਾਂ ਦੇ ਦਿਲਾ ਵਿੱਚ ਤਹਿਰੀਕ ਪੈਦਾ ਕਰਦਾ ਹੈ, ਅਵਸ਼ ਹੀ ਰੱਬ ਤੋਂ ਬਿਨਾ ਹੋਰ ਕੋਈ ਨਹੀਂ ਹੋ ਸਕਦਾ । ਫਿਰ ਵੀ ਦੁਨੀਆਂ ਦੇ ਅੰਨ੍ਹਿਆਂ ਨੂੰ ਦਿਖਾਈ ਨਹੀਂ ਦਿੰਦਾ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਰੱਬ ਵੱਲੋਂ ਭੇਜੇ ਗਏ ਹਨ । ਇਹ ਵੀ ਚੇਤੇ ਰੱਖੋ ਕਿ ਨਵੇਂ ਆਉਣ ਵਾਲੇ ਖ਼ਲੂਸ ਤੇ ਵਫ਼ਾਦਾਰੀ ਵਿੱਚ ਬਹੁਤ ਤੇਜ਼ੀ ਨਾਲ ਤਰੱਕੀ ਕਰ ਰਹੇ ਹਨ ਨੇਕੀਆਂ ਵਿੱਚ ਅੱਗੇ ਵਧਣ ਦੀ ਜੋ ਭਾਵਨਾ ਹੈ ਉਸ ਪਾਸੇ ਪੁਰਾਣੇ ਅਹਮਦੀਆਂ ਨੂੰ ਪੁਰਾਣੇ ਖ਼ਾਨਦਾਨਾ ਨੂੰ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਬਹੁਤ ਚਿੰਤਾ ਤੇ ਗ਼ੌਰ ਨਾਲ ਧਿਆਨ ਦੇਣਾ ਚਾਹੀਦਾ ਹੈ ।

ਕਾਂਗੋਂ ਕੰਸ਼ਾਸਾ ਦੇ ਮੁਬਲੱਗ ਲਿਖੱਦੇ ਹਨ ਕਿ ਮਬਾਨਜ਼ਾ ਗੋਂਗੋ ਜਮਾਤ ਦੇ ਵਾਸੀ ਮੁਸਤਫ਼ਾ ਸਾਹਬ ਹਨ । ਇਸ ਸਾਲ ਰਮਜ਼ਾਨ ਦੇ ਮਹੀਨੇ ਵਿੱਚ ਉਹਨਾਂ ਨੇ ਬੈਅਤ ਕੀਤੀ । ਇਸ ਸਮੇਂ ਦੋਰਾਨ ਉਹਨਾਂ ਭੈਣ ਜੋ ਕਿ ਈਸਾਈ ਸੀ ਬਿਮਾਰ ਰਹਿਣ ਲਗੀ ਅਤੇ ਇਕ ਵੱਡੀ ਰਕਮ ਉਹਨਾਂ ਇਲਾਜ ਲਈ ਖਰਚ ਹੋਣ ਲੱਗੀ, ਇਸੇ ਮਹੀਨੇ ਜੱਦ ਉਹਨਾਂ ਨੇ ਮਸਜਿਦ ਵਿੱਚ ਮਾਲੀ ਕੁਰਬਾਨੀ ਦੀ ਤਹਿਰੀਕ ਸੁਣੀ ਤਾਂ ਚੰਦਾ ਦਿੱਤਾ ਅਤੇ ਆਪਣੀ ਭੈਣ ਵੱਲੋਂ ਵੀ ਸਵਸਥ ਹੋਣ ਦੀ ਦੁਆ ਕਰਦਿਆਂ ਹੋਇਆਂ ਚੰਦਾ ਦਿੱਤਾ । ਇਸ ਦੇ ਬਾਦ ਉਹਨਾਂ ਦੀ ਭੈਣ ਸਵਸਥ ਹੋ ਗਈ ।

ਨੌਮੁਬਾਈਨ (ਨਵੇ ਹੋਏ ਅਹਮਦੀ) ਵਿੱਚ ਰੱਬ ਦੀ ਮਿਹਰ ਨਾਲ ਚੰਦੇ ਦੇਣ ਦਾ ਰੁਝਾਨ ਹੁਣ ਤਰੱਕੀ ਕਰ ਰਿਹਾ ਹੈ ਅਤੇ ਬਹੁਤ ਖ਼ੁਲੂਸ ਨਾਲ ਉਹ ਚੰਦਾ ਦਿੰਦੇ ਹਨ । ਇਸੇ ਪ੍ਰਕਾਰ ਜਮਾਤ ਦੇ ਇਕ ਹੋਰ ਸਜੱਣ ਅਫ਼ਨਾ ਸਾਹਬ ਹਨ । ਹਰ ਮਹੀਨੇ ਇਕ ਲੱਖ ਪੰਜਾਹ ਹਜ਼ਾਰ ਫ਼ਰਾਂਕ ਲਗਭਗ ਦੋ ਸੌ ਪਾਊਂਡ ਅਦਾ ਕਰਦੇ ਹਨ । ਇਹ ਉਹਨਾਂ ਗ਼ਰੀਬ ਦੇਸ਼ਾਂ ਵਿੱਚ ਵੱਡੀਆਂ ਵੱਡੀਆਂ ਰੱਕਮਾਂ ਹਨ । ਇਸ ਤੋਂ ਬਿਨਾ ਉਹਨਾਂ ਨੇ ਦੋ ਲੱਖ ਪੰਜਾਹ ਹਜ਼ਾਰ ਫ਼ਰਾਂਕ ਲਗਭਗ ਤਿੰਨ ਸੌ ਤੀਹ ਪਾਊਂਡ ਜ਼ਕਾਤ ਵੀ ਦਿੱਤੀ ਹੈ ਅਤੇ ਰੱਬ ਦੀ ਅਪਾਰ ਮਿਹਰ ਨਾਲ ਈਮਾਨ ਤੇ ਅਸਥਾ ਵਿੱਚ ਤਰੱਕੀ ਕਰ ਰਹੇ ਹਨ ।

ਭਾਰਤ ਦੇ ਕਸ਼ਮੀਰ ਦੇ ਇੰਸਪੈਕਟਰ ਸਾਹਬ ਲਿਖਦੇ ਹਨ ਕਿ ਬੀਤੇ ਦਿਨੀ ਕਸ਼ਮੀਰ ਪ੍ਰਾਂਤ ਵਿੱਚ ਜੋ ਹੜ ਆਇਆ ਸੀ ਉਸ ਨਾਲ ਸ਼੍ਰੀਨਗਰ ਸ਼ਹਿਰ ਦੇ ਲਗਭਗ ਸਾਰੇ ਅਹਮਦੀ ਘਰਾਣੇ ਪ੍ਰਭਾਵਤ ਹੋਏ ਸਨ । ਇੰਸਪੈਕਟਰ ਸਾਹਬ ਕਹਿੰਦੇ ਹਨ ਕਿ ਜੱਦ ਕਿਸੇ ਵੀ ਘਰ ਜਾਂਦਾ ਤਾਂ ਇਹ ਆਖਣ ਦੀ ਹਿੰਮਤ ਨਹੀਂ ਪੈਂਦੀ ਸੀ ਕਿ ਚੰਦਿਆਂ ਦੀ ਵਸੂਲੀ ਲਈ ਆਇਆ ਹਾਂ । ਪਰ ਕਹਿੰਦੇ ਹਨ ਲੋਕ ਮੈਂਨੂੰ ਦੇਖ ਕੇ ਆਪ ਹੀ ਮੈਂਥੋਂ ਚੰਦੇ ਬਾਰੇ ਪੁਛੱਦੇ ਅਤੇ ਮੈਂ ਹੈਰਾਨ ਰਹਿ ਗਿਆ ਕਿ ਲੋਕ ਬਹੁਤ ਖੁਸ਼ੀ ਨਾਲ ਆਪਣੇ ਬਕਾਏ ਚੰਦੇ ਅਦਾ ਕਰ ਰਹੇ ਹਨ ਅਤੇ ਉਹਨਾਂ ਦੇ ਮੁਖਾਂ'ਤੇ ਐਨ੍ਹੇ ਕਸਟ ਦੇ ਹੁੰਦਿਆਂ ਹੋਇਆ ਵੀ ਕੋਈ ਤਿਊੜੀ ਨਹੀਂ ਸੀ । ਇਹ ਦ੍ਰਿਸ਼ ਦੇਖਕੇ ਮੇਰੀਆਂ ਅੱਖਾਂ ਭਰ ਆਉਦੀਆਂ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦੇ ਸਹਾਬਾ ਰਿਜ਼ਵਾਨੁਲੱਾਹ ਅਲੈਹਿਮ ਦੀ ਯਾਦ ਆਉਂਦੀ ਸੀ, ਜਿੰਨ੍ਹਾ ਕੋਲ ਖਾਣ ਲਈ ਕੁਝ ਨਹੀਂ ਸੀ ਪਰ ਕੁਰਬਾਨੀਆਂ ਵਿੱਚ ਪਹਿਲ ਲੈ ਜਾਇਆ ਕਰਦੇ ਸਨ । ਹਕੀਕਤ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਪਿਆਰੀ ਜਮਾਤ ਨੂੰ ਦੇਖ ਕੇ ਈਮਾਨ ਤੇ ਆਸਥਾ ਵਿੱਚ ਵਾਧਾ ਹੁੰਦਾ ਹੈ । ਬੈਨਿਨ ਤੋਂ ਸਾਡੇ ਮੁਅੱਲਿਮ ਲਿਖੱਦੇ ਹਨ । ਇਕ ਨੌਮੁਬਾਇਨ ਬਕਾਇਦਗੀ ਨਾਲ ਇਸ ਨੀਯਤ ਨਾਲ ਚੰਦਾ ਅਦਾ ਕਰਦੇ ਸਨ ਕਿ ਰੱਬ ਉਹਨਾਂ ਦੀ ਫ਼ੈਮਲੀ ਅਹਮਦੀ ਬਣਾ ਦੇਵੇ । ਉਹ ਵਰਨਣ ਕਰਦੇ ਹਨ ਕਿ ਅੱਜ ਮੈਂ ਇਹ ਦਸੱਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਰਿਹਾ ਹਾਂ ਕਿ ਮੇਰੀ ਸਾਰੀ ਫ਼ੈਮਲੀ ਅਹਮਦੀ ਹੋ ਚੁਕੀ ਹੈ, ਇਹ ਕੇਵਲ ਧਰਮ ਦੇ ਮਾਰਗ ਵਿੱਚ ਮਾਲੀ ਕੁਰਬਾਨੀ ਦੀ ਬਰਕਤ ਨਾਲ ਹੀ ਹੋਇਆ ਹੈ ।

ਫਿਰ ਇੰਡੀਆ ਤੋਂ ਹੀ ਕਮਰੁੱਦੀਨ ਸਾਹਬ ਇੰਸਪੈਕਟਰ ਕਹਿੰਦੇ ਹਨ ਕਿ ਕੇਰਲਾ ਪ੍ਰਾਂਤ ਵਿੱਚ ਇਕ ਛੱਬੀ ਸਾਲ ਦੇ ਨੌਜੁਆਨ ਨਾਲ ਮੁਲਾਕਾਤ ਹੋਈ, ਉਸ ਨੇ ਕਿਹਾ ਮੈਂ ਇੰਟੀਰੀਅਰ ਡੀਜ਼ਾਇਨਿੰਗ ਵਿੱਚ ਪੜ੍ਹਾਈ ਪੂਰਨ ਕੀਤੀ ਹੈ ਅਤੇ ਆਪਣੇ ਪਿਤਾ ਨਾਲ ਕੰਮ ਅਰੰਭ ਕਰਨ ਲੱਗਾ ਹਾਂ । ਚੰਦਾ ਵਕਫ਼ੇ ਜਦੀਦ ਦੀ ਮਹਤੱਾ ਬਾਰੇ ਮੈਂ ਉਹਨਾਂ ਨੂੰ ਦੱਸਿਆ ਤਾਂ ਉਹਨਾਂ ਨੇ ਉਸੇ ਸਮੇਂ ਦੋ ਲੱਖ ਰੁਪਏ ਆਬਣਾ ਬਜਟ ਲਿਖੱਵਾ ਦਿੱਤਾ ਅਤੇ ਕਿਹਾ ਕਿ ਹੁਣ ਕੰਮ ਸ਼ੁਰੂ ਕੀਤਾ ਹੈ, ਖ਼ੁਦਾ ਜਾਣੇ ਵਾਦਾ ਕਿਥੋਂ ਪੂਰਾ ਹੋਵੇਗਾ । ਫਿਰ ਕਹਿੰਦੇ ਹਨ ਕਿ ਉਹਨਾਂ ਨੇ ਦੁਆ ਲਈ ਮੈਂਨੂੰ ਲਿਖੱਣ ਲਈ ਕਿਹਾ ਅਤੇ ਆਪ ਖੁੱਦ ਵੀ ਲਿੱਖਣਗੇ । ਸੋ, ਕਹਿੰਦੇ ਹਨ ਕਿ ਜੱਦ ਮੁੜ ਵਸੂਲੀ ਬਾਰੇ ਗਿਆ ਤਾਂ ਉਹਨਾਂ ਨੇ ਬਹੁਤ ਖ਼ੁਸ਼ੀ ਨਾਲ ਕਿਹਾ ਕਿ ਰੱਬ ਦੀ ਅਪਾਰ ਮਿਹਰ ਨਾਲ ਮੈਂਨੂੰ ਕਈ ਬੈਂਕਾ ਦੇ ਇੰਟੀਰੀਅਰ ਡੀਜ਼ਾਇਨਿੰਗ ਦਾ ਕੰਮ ਮਿਲਿਆ ਹੈ ਅਤੇ ਜਿਸ ਨਾਲ ਆਮਦਨੀ ਵਿੱਚ ਬਹੁਤ ਬਰਕਤ ਮਿਲੀ ਹੈ ਅਤੇ ਉਸੇ ਸਮੇਂ ਉਹਨਾਂ ਨੇ ਮੈਂਨੂੰ ਦੋ ਲੱਖ ਰੁਪਏ ਜੋ ਉਹਨਾਂ ਦਾ ਵਾਦਾ ਸੀ ਪੂਰਨ ਰੂਪ ਵਿੱਚ ਅਦਾ ਕਰ ਦਿਤਾ ।

ਫਿਰ ਇੰਡੀਆ ਤੋਂ ਹੀ ਨਾਇਬ ਨਾਜ਼ਿਮ ਮਾਲ ਵਕਫ਼ੇ ਜਦੀਦ ਲਿੱਖਦੇ ਹਨ ਕਿ ਸੂਬਾ ਉੱਤਰ ਪ੍ਰਦੇਸ਼ ਦੇ ਮਾਲੀ ਦੌਰੇ ਸਮੇਂ ਮੁਹਮੱਦ ਫ਼ਰੀਦ ਅਨਵਰ ਸਾਹਬ ਸੈਕ੍ਰੇਟਰੀ ਮਾਲ ਕਾਨਪੁਰ ਨਾਲ ਭੇਂਟ ਹੋਈ । ਉਹਨਾਂ ਦੀ ਅੱਠ ਸਾਲਾ ਬੇਟੀ ਸਜੀਲਾ ਨੇ ਆਪਣਾ ਗੱਲਾ ਦਿੰਦਿਆਂ ਹੋਇਆਂ ਕਿਹਾ ਕਿ ਮੈਂ ਪੂਰੇ ਸਾਲ ਵਿੱਚ ਚੰਦਾ ਦੇਣ ਲਈ ਇਸ ਵਿੱਚ ਰਕਮ ਜਮਾ ਕੀਤੀ ਹੈ ਆਪ ਇਸ ਵਿੱਚੋਂ ਸਾਰੀ ਰਕਮ ਕੱਢ ਲਓ ਅਤੇ ਰਸੀਦ ਦੇ ਦਿਓ । ਇਹ ਇਕ ਅੱਠ ਸਾਲ ਦੀ ਬੱਚੀ ਹੈ ਅਤੇ ਅਲੱਾਹ ਦੀ ਮਿਹਰ ਨਾਲ ਵਕਫ਼ੇ ਨਓ ਦੀ ਤਹਿਰੀਕ ਵਿੱਚ ਵੀ ਸ਼ਾਮਲ ਹੈ ।

ਇਹ ਰੂਹ ਜੋ ਬੱਚਿਆਂ ਵਿੱਚ ਪੈਦਾ ਹੋ ਰਹੀ ਹੈ ਇਹ ਕੇਵਲ ਤੇ ਕੇਵਲ ਖ਼ੁਦਾ ਤਆਲਾ ਹੀ ਹੈ ਜੋ ਬੱਚਿਆਂ ਵਿੱਚ ਪਾਉਂਦਾ ਹੈ, ਪਰ ਮਾਂਪਿਆਂ ਦਾ ਵੀ ਕੰਮ ਹੈ ਕਿ ਘਰ ਦੇ ਵਾਤਾਵਰਣ ਨੂੰ ਧਾਰਮਕ ਰੱਖਣ ਅਤੇ ਬੱਚਿਆਂ ਵਿੱਚ ਚੰਦੇ ਦੀ ਮਹਤੱਤਾ ਅਤੇ ਹੋਰਨਾ ਨੇਕੀਆਂ ਤੇ ਨਾਲ ਇਬਾਦਤ ਨਾਲ ਨਾਲ ਚੰਦੇ ਦੀ ਮਹਤੱਾ ਬਾਰੇ ਵੀ ਸਮੇਂ ਸਮੇਂ ਉਹਨਾਂ ਦੇ ਮਨ ਵਿੱਚ ਪਾਉਂਦੇ ਰਹਿਣ । ਅਜਿਹੀਆਂ ਘਟਨਾਵਾਂ ਵੀ ਹਨ ਜੱਦ ਬਚੱਾ  ਜਾਂ ਬੱਚੇ ਚੰਦਾ ਲੈਕੇ ਆਏ ਅਤੇ ਉਹਨਾਂ ਨੂੰ ਕਿਹਾ ਗਿਆ ਕਿ ਆਪ ਦੇ ਪਿਤਾ ਨੇ ਆਪ ਵੱਲੋਂ ਚੰਦਾ ਦੇ ਦਿਤੱਾ ਹੈ ਤਾਂ ਕਹਿਣ ਲੱਗੇ ਕਿ ਜੋ ਪਿਤਾ ਜੀ ਨੇ ਦਿੱਤਾ ਹੈ ਉਸਦਾ ਪੁੰਨ ਤਾਂ ਪਿਤਾ ਜੀ ਨੂੰ ਹੋਵੇਗਾ, ਅਸੀਂ ਤਾਂ ਆਪਣੇ ਜੇਬ ਖਰਚੇ ਵਿੱਚੋਂ ਆਪ ਖ਼ੁੱਦ ਦਿਆਂਗੇ ।

ਯੂਕੇ ਲਜਨਾ ਦੀ ਇਕ ਇਸਤਰੀ ਮਾਲੀ ਪੱਖੋਂ ਬਹੁਤ ਕਮਜ਼ੋਰ ਹਨ ਚੰਦਾ ਨਹੀਂ ਦੇ ਸਕਦੀ ਸਨ, ਪਰ ਫਿਰ ਵੀ ਜਿੰਨ੍ਹਾ ਸੰਭਵ ਹੋ ਸਕਦਾ ਸੀ ਘੱਟ ਤੋਂ ਘੱਟ ਉਹਨਾਂ ਵਾਦਾ ਲਿੱਖਵਾਇਆ । ਇਹ ਇਸਤੀਰੀ ਸਿਲਾਈ ਕਰਨਾ ਜਾਣਦੀ ਸੀ । ਸੋ, ਕੁਝ ਹੀ ਦਿਨਾ ਵਿੱਚ ਉਹਨਾਂ ਨੂੰ ਸਿਲਾਈ ਦੇ ਆਰਡਰ ਮਿਲਣੇ ਸ਼ੁਰੂ ਹੋ ਗਏ ਅਤੇ ਇਸ ਤੋਂ ਬਾਦ ਨ ਕੇਵਲ ਆਪਣਾ ਵਾਦਾ ਪੂਰਾ ਕਰਨ ਯੋਗ ਹੋ ਗਈ ਸਗੋਂ ਇਸਤੋਂ ਉਹਨਾਂ ਨੂੰ ਵਾਹਵਾ ਆਮਦਨੀ ਸ਼ੁਰੂ ਹੋ ਗਈ । ਇਸ ਲਈ ਉਹਨਾਂ ਨੇ ਆਪਣਾ ਵਾਦਾ ਵੀ ਵਧਾ ਦਿੱਤਾ । ਇੱਥੇ ਇਹ ਵੀ ਦੱਸ ਦਿਆਂ ਕਿ ਤਹਿਰੀਕੇ ਜਦੀਦ ਵਿੱਚ ਵੀ ਅਤੇ ਵਕਫ਼ੇ ਜਦੀਦ ਵਿੱਚ ਯੂਕੇ ਦੀ ਲਜਨਾ ਨੇ ਮਾਸ਼ਾਅਲੱਾਹ ਬਹੁਤ ਮਿਹਨਤ ਕੀਤੀ ਹੈ ਅਤੇ ਹਿੰਮਤ ਨਾਲ ਨ ਕੇਵਲ ਆਪਣਾ ਟਾਰਗਟ ਪੂਰਾ ਕੀਤਾ ਸਗੋਂ ਟਰਗਟ ਤੋਂ ਬਹੁਤ ਅਧਿਕ ਰੱਬ ਦੀ ਮਿਹਰ ਨਾਲ ਰਕਮ ਅਦਾ ਕੀਤੀ ਹੈ ।

ਇਹ ਤਾਂ ਹਨ ਮਾਲੀ ਕੁਰਬਾਨੀਆਂ ਤੇ ਚੰਦੇ ਦੀਆਂ ਘਟਨਾਵਾਂ, ਬਹੁਤ ਸਾਰੀਆਂ ਘਟਨਾਵਾਂ ਵਿੱਚ ਇਹ ਵੀ ਹੈ ਕਿ ਅਸੀਂ ਦੇਖਿਆ ਹੈ ਕਿ ਕਿਵੇਂ ਅਲੱਾਹ ਤਆਲਾ ਵਧਾਕੇ ਦਿੰਦਾ ਹੈ । ਸੋ,ਅਲੱਾਹ ਤਆਲਾ ਸੱਚੇ ਵਾਦੇ ਵਾਲਾ ਹੈ । ਜਿੱਥੇ ਰੱਬ ਦੇ ਕਲਾਮ ਦੀ ਸਚਾਈ ਪ੍ਰਗਟ ਹੁੰਦੀ ਹੈ ਓਥੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਜਮਾਤ ਦੇ ਨਾਲ ਭਾਂਵੇਂ ਉਹ ਦੁਨੀਆ ਦੇ ਕਿਸੇ ਵੀ ਦੇਸ਼ ਵਿੱਚ ਹੋਵੇ ਰੱਬ ਦੀ ਸਹਾਇਤਾ ਦੇ ਦ੍ਰਿਸ਼ ਵੀ ਦਿਖਾਈ ਦਿੰਦੇ ਹਨ । ਵਕਫ਼ੇ ਜਦੀਦ ਦੀ ਤਹਿਰੀਕ ਪਾਕਿਸਤਾਨ ਤੋਂ ਬਾਹਰਲੇ ਦੇਸ਼ਾਂ ਭਾਰਤ ਤੇ ਅਫ਼ਰੀਕਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਹਜ਼ਰਤ ਖ਼ਲੀਫ਼ਾਤੁਲ ਮਸੀਹ ਰਾਬੇ ਨੇ ਅਰੰਭ ਕੀਤੀ ਸੀ । ਰੱਬ ਦੀ ਮਿਹਰ ਨਾਲ ਅਫਰੀਕਾ ਦੇ ਅਠਾਰ੍ਹਾਂ ਦੇਸ਼ਾਂ ਵਿੱਚ 95 ਮਸਜਿਦਾਂ ਉਸਾਰੀ ਅਧੀਨ ਹਨ, ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਵੀ ਇਸ ਵੱਲ ਵਿਸ਼ੇਸ਼ ਧਿਆਨ ਦੁਆਇਆ ਹੈ ਕਿ ਜਿੱਥੇ ਇਸਲਾਮ ਦਾ ਪਰਿਚੇ ਕਰਉਣਾ ਹੋਵੇ ਓਥੇ ਮਸਜਿਦ ਬਣਾ ਦਿਓ । ਇਸ ਸਾਲ ਵਿੱਚ 204 ਨਵੀਆਂ ਮਸਜਿਦਾਂ ਦੀ ਉਸਾਰੀ ਹੋਈ ਹੈ । ਇਸੇ ਪ੍ਰਕਾਰ 184 ਮਿਸ਼ਨ ਹਾਊਸ ਬਣਾਏ ਗਏ ਹਨ ।

ਮੈਂ ਖ਼ਿਲਾਫ਼ਤ ਦੇ ਪਹਿਲੇ ਸਾਲ ਹੀ ਜਮਾਤਾਂ ਨੂੰ ਕਿਹਾ ਸੀ ਕਿ ਅਸੰਖ ਹੀ ਬੈਅਤਾਂ ਨਸ਼ਟ ਹੋ ਰਹੀਆਂ ਹਨ । ਉਹਨਾਂ ਦਾ ਘੱਟੋ ਘੱਟ 70% ਰਾਬਤੇ ਕਰਕੇ ਵਾਪਸ ਲਿਆਓ । ਅਤੇ ਅਲੱਾਹ ਤਆਲਾ ਦੀ ਮਿਹਰ ਨਾਲ ਇਸ ਦੇ ਸਿੱਟੇ ਵਿੱਚ ਜਮਾਤਾਂ ਨੇ ਜਤਨ ਵੀ ਕੀਤੇ ਵਿਸ਼ੇਸ਼, ਰੂਪ ਵਿੱਚ ਅਫਰੀਕਾ ਵਿੱਚ, ਜਿਸ ਦੇ ਸਬਬ ਬਹਿਰਹਾਲ ਰੱਬ ਦੀ ਮਿਹਰ ਨਾਲ ਲੱਖਾਂ ਦੀ ਗਿਣਤੀ ਵਿੱਚ ਨਵੇਂ ਰਾਬਤੇ ਹੋਏ ਅਤੇ ਉਹ ਲੋਕ ਵਾਪਸ ਪਰਤੇ ਅਤੇ ਹੁਣ ਤਰਬੀਯਤ ਲਈ ਕ੍ਰਿਆਤਮਕ ਵਿਵਸਥਾ ਅਰੰਭ ਹੈ ਇਸ ਵਿੱਚ ਵਧੇਰੀ ਦ੍ਰਿੜ੍ਹਤਾ ਦੀ ਲੋੜ ਹੈ । ਰਾਬਤਿਆਂ ਦੀ ਬਹਾਲੀ ਵਿੱਚ ਸਭ ਤੋਂ ਵੱਧ ਘਾਨਾ ਨੇ ਕੀਤੀ ਹੈ ਫਿਰ ਨਾਈਜੀਰੀਆ ਅਤੇ ਬਾਕੀ ਦੇ ਅਫਰੀਕਨ ਦੇਸ਼ ਹਨ । ਤਨਜ਼ਾਨੀਆ ਵਿੱਚ ਬਹੁਤ ਕਮੀ ਹੈ ਉਹਨਾਂ ਵੀ ਜਤਨ ਕਰਨਾ ਚਾਹੀਦਾ ਹੈ । ਜੱਦ ਬੋਸਨੀਆ ਦੇ ਹਾਲਾਤ ਖ਼ਰਾਬ ਹੋਏ ਹਨ ਤਾਂ ਜਰਮਨੀ ਵਿੱਚ ਬਹੁਤ ਸਾਰੇ ਬੋਸਨੀਅਨ ਲੋਕ ਆਏ ਸਨ ਕਿਹਾ ਜਾਂਦਾ ਹੈ ਕਿ ਇਕ ਲੱਖ ਦੀ ਗਿਣਤੀ ਵਿੱਚ ਬੋਸਨੀਅਨ ਸਨ ਜਿੰਨ੍ਹਾਂ ਨੇ ਬਐਤ ਕੀਤੀ ਸੀ ਪਰ ਜੱਦ ਉਹ ਆਪਣੇ ਦੇਸ਼ ਵਾਪਸ ਪਰਤੇ ਤਾਂ ਰਾਬਤੇ ਖ਼ਤਮ ਹੋ ਗਏ । ਇਸੇ ਪ੍ਰਕਾਰ ਭਾਰਤ ਵਿੱਚ ਵੀ ਪਛੱਮੀ ਬੰਗਾਲ ਵਿੱਚ ਕਹਿੰਦੇ ਹਨ ਕਿ ਬੈਅਤਾਂ ਹੋਈਆਂ ਸਨ । ਓਥੇ ਵੀ ਭਾਲ ਕਰਨ ਦੀ ਲੋੜ ਹੈ । ਜੋ ਨੇਕ ਸੁਭਾਵ ਹੁੰਦੇ ਹਨ ਅਤੇ ਜਿੰਨ੍ਹਾ ਨੂੰ ਰੱਬ ਬਚਾਉਂਣਾ ਚਾਹੁੰਦਾ ਹੈ ਉਹ ਇੰਸ਼ਾਅਲੱਾਹ ਤਆਲਾ ਵਾਪਸ ਪਰਤਨਗੇ ਅਤੇ ਕਮਜ਼ੋਰ ਦੂਰ ਹੱਟ ਗਏ ਹਨ । ਸਾਨੂੰ ਉਹਨਾਂ ਨਾਲ ਹਮਦਰਦੀ ਜ਼ਰੂਰੀ ਹੈ ਕਿ ਅਲੱਾਹ ਤਆਲਾ ਦੇ ਪੁਰਸਕਾਰ ਨੂੰ ਪ੍ਰਾਪਤ ਕਰਕੇ ਫ਼ਿਰ ਗਵਾ ਬੈਠੇ । ਪਰ ਸਾਨੂੰ ਆਪਣੀ ਗਿਣਤੀ ਦੀ ਘਾਟ ਦੀ ਕੋਈ ਚਿੰਤਾ ਨਹੀਂ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਵੀ ਗਿਣਤੀ ਤੋਂ ਵੱਧ ਖ਼ਲੂਸ ਤੇ ਵਫ਼ਾਦਾਰੀ ਤੇ ਆਸਥਾ ਵਿੱਚ ਵਧੇ ਹੋਏ ਭਲੇ ਪੁਰਖਾਂ ਬਾਰੇ ਬਹੁਤਾ ਜ਼ੋਰ ਦਿੱਤਾ ਹੈ ਕਿ ਉਹ ਜਮਾਤ ਵਿੱਚ ਪੈਦਾ ਹੋਣੇ ਚਾਹੀਦੇ ਹਨ । ਅਲੱਾਹ ਤਆਲਾ ਜਮਾਤਾਂ ਨੂੰ ਇਸ ਕੰਮ ਨੂੰ ਕਰਨ ਦੀ ਸ਼ਕਤੀ ਪ੍ਰਦਾਨ ਕਰੇ ।

ਹਜ਼ੂਰ ਨੇ ਫ਼ਰਮਾਇਆ, ਹੁਣ ਮੈਂ ਵਕਫ਼ੇ ਜਦੀਦ ਦੇ ਨਵੇਂ ਸਾਲ ਦੀ ਘੋਸ਼ਣਾ ਕਰਦਾ ਹਾਂ ਅਤੇ ਬੀਤੇ ਨਾਲ ਦੇ ਕੁਝ ਵਿਵਰਣ ਵੀ ਸਾਹਮਣੇ ਰੱਖਦਾ ਹਾਂ । ਵਕਫ਼ੇ ਜਦੀਦ ਦਾ ਸਤਾਨਵੇਂਵਾਂ ਸਾਲ ਰੱਬ ਦੀਆਂ ਮਿਹਰਾਂ ਨੂੰ ਮਾਣਦਿਆਂ ਹੋਇਆਂ 31 ਦਸੰਬਰ ਨੂੰ ਖ਼ਤਮ ਹੋ ਰਿਹਾ ਹੈ ਅਤੇ ਅਠਾਨਵੇਂ ਵਾਂ ਸਾਲ ਪਹਿਲੀ ਜਨਵਰੀ ਤੋਂ ਅਰੰਭ ਹੋ ਗਿਆ ਹੈ । ਵਿਸ਼ਵ ਵਿਆਪੀ ਅਹਮਦੀਆ ਮੁਸਲਿਮ ਜਮਾਤ ਨੂੰ ਇਸ ਸਾਲ ਰੱਬ ਦੀ ਅਪਾਰ ਮਿਹਰ ਸਦਕਾ ਬਾਹਠ ਲੱਖ ਨੌ ਹਜ਼ਾਰ ਪਾਊਂਡ ਦੀ ਕੁਰਬਾਨੀ ਪੇਸ਼ ਕਰਨ ਦੀ ਤੌਫ਼ੀਕ ਮਿਲੀ ਹੈ ਜੋ ਬੀਤੇ ਸਾਲ ਤੋਂ ਸੱਤ ਲੱਖ ਇਕੱਤੀ ਹਜ਼ਾਰ ਪਾਊਂਡ ਅਧਿਕ ਹੈ । ਅਲਹਮਦੁਲਿੱਲਾਹ ।

ਪਾਕਿਸਤਾਨ ਸਭ ਤੋਂ ਮੋਹਰੇ ਹੀ ਹੈ । ਇਸ ਦੇ ਬਾਦ ਬਰਤਾਨੀਆਂ ਫਿਰ ਅਮਰੀਕਾ ਫਿਰ ਜਰਮਨੀ ਫਿਰ ਕੈਨੇਡਾ ਤੇ ਫਿਰ ਭਾਰਤ ਫਿਰ ਆਸਟ੍ਰੇਲੀਆ । ਆਸਟ੍ਰੇਲੀਆ ਤੋਂ ਬਾਦ ਇੰਡੋਨੇਸ਼ੀਆ ਫਿਰ ਦੁਬਈ ਬੈਲਜੀਯਮ ਅਤੇ ਫਿਰ ਇਕ ਅਰਬ ਦੇਸ਼ ਹੈ । ਕਰੰਸੀ ਦੇ ਹਿਸਾਬ ਨਾਲ ਆਸਟ੍ਰੇਲੀਆ ਨੇ 123% ਵਾਧਾ ਕੀਤਾ ਹੈ । ਕੈਨੇਡਾ ਨੇ 21% ਇਸ ਤੋਂ ਬਾਦ ਇੰਡੀਆ ਦਾ ਲਗਭਗ 17% । ਫ਼ੀ ਕਸ ਅਦਾਇਗੀ ਦੇ ਪੱਖੋਂ ਅਮਰੀਕਾ ਨੰਬਰ ਇਕ'ਤੇ ਹੈ, ਸਤੱਰ ਪਾਊਂਡ ਫ਼ੀ ਯੂਨਿਟ । ਸਵਿਟਜ਼ਰਲੈਂਡ ਦੀ 59 ਪਾਊਂਡ ਹੈ । ਯੂਕੇ ਦੀ 51 ਪਾਊਂਡ, ਆਸਟ੍ਰੇਲੀਆ 56 ਪਾਊਂਡ ਫਿਰ ਬੈਲਜੀਅਮ ਫਿਰ ਫ਼੍ਰਾਂਸ ਫ਼ਿਰ ਕੈਨੇਡਾ ਫਿਰ ਜਰਮਨੀ । ਜਰਮਨੀ ਸਭ ਤੋਂ ਪਿੱਛੇ ਹੈ ਇਹ ਉਹਨਾਂ ਵੱਡੀਆਂ ਜਮਾਤਾਂ ਵਿੱਚੋਂ ਹੈ ।

ਵਕਫ਼ੇ ਜਦੀਦ ਦੀ ਤਹਿਰੀਕ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਗਿਆਰਾਂ ਲੱਖ ਉਨੱਤੀ ਹਜ਼ਾਰ (1129000) ਨੂੰ ਪਾਰ ਕਰ ਗਈ ਹੈ ਅਤੇ ਗਿਣਤੀ ਵਿੱਚ ਵਾਧੇ ਦੇ ਪੱਖੋਂ ਮਾਲੀ, ਬੈਨਿਨ, ਨਾਈਜੀਰੀਆ, ਬੁਰਕੀਨਾ ਫ਼ਾਸੋ, ਗੈਂਬੀਆ, ਅਤੇ ਕੈਮਰੂਨ ਦੀਆਂ ਜਮਾਤਾਂ ਵਰਨਣ ਯੋਗ ਹਨ । ਸਾਮੂਹਿਕ ਵਸੂਲੀ ਦੇ ਪੱਖੋਂ ਅਫ਼ਰੀਕਾ ਵਿੱਚ ਘਾਨਾ ਸਭ ਤੋਂ ਅੱਗੇ ਫਿਰ ਨਾਈਜੀਰੀਆ ਜਾ ਮਾਰਿਸ਼ਸ ਹੈ ।

ਵਸੂਲੀ ਦੇ ਪੱਖੋਂ ਭਾਰਤੀ ਪ੍ਰਾਂਤਾਂ ਵਿੱਚ ਕੈਰਲਾ, ਜੰਮੂ ਕਸ਼ਮੀਰ, ਤਾਮਿਲ ਨਾਡੂ, ਆਂਧਰਾ ਪ੍ਰਦੇਸ਼, ਵੈਸਟ ਬੰਗਾਲ, ਉੜੀਸਾ, ਕਰਨਾਟਕ, ਕਾਦੀਆਂ ਪੰਜਾਬ, ਉੱਤਰ ਪ੍ਰਦੇਸ਼, ਮਹਾ ਰਾਸ਼ਟਰ, ਬਿਹਾਰ, ਲਕਸ਼ਦੀਪ, ਅਤੇ ਰਾਜਿਸਥਾਨ । ਭਾਰਤ ਦੀਆਂ ਜਮਾਤਾਂ ਵਸੂਲੀ ਦੇ ਪਖੋਂ ਹਨ ਕੈਰੋਲਾਈ, ਕਾਲੀਕਟ, ਹੈਦਰਾਬਾਦ, ਕਲਕੱਤਾ, ਕਾਦੀਆਂ, ਕਨੂਰ ਟਾਊਨ, ਸੋਰੋ, ਪੈਂਗਾਡੀ, ਚੈਨਾਈ, ਬੈਂਗਲੂਰ, ਅੰਤ ਵਿੱਚ ਤਿੰਨ ਜਮਾਤਾਂ ਹਨ ਕਰੂਨਾਗਾ ਪੱਲੀ, ਪਿਥਾਪ੍ਰਮ ਅਤੇ ਕਰਾਨ । ਅਲੱਾਹ ਤੈਾਲਾ ਕੁਰਬਾਨੀ ਕਰਨ ਵਾਲਿਆਂ ਦੇ ਧੰਨ ਮਾਨ ਵਿੱਚ ਅਥਾਹ ਬਰਕਤਾਂ ਪਾਵੇ ।

ਅੰਤ ਵਿੱਚ ਦੁਆ ਵੱਲ ਧਿਆਨ ਖਿਚੱਣਾ ਚਾਹੁੰਦਾ ਹਾਂ ਕਿ ਪਾਕਿਸਤਾਨ ਵਿੱਚ ਅਹਮਦੀਆਂ ਲਈ ਵਿਸ਼ੇਸ਼ ਦੁਆਵਾਂ ਕਰਨ ਦੀ ਲੋੜ ਹੈ । ਰਬਵਾ ਵਿੱਚ ਕੁਝ ਦਿਨਾਂ ਤੋਂ ਵਿਰੋਧੀ ਅਤੇ ਦੁਸ਼ਮਣਾ ਵੱਲੋਂ ਹਾਲਾਤ ਖ਼ਰਾਬ ਕਰਨ ਦੇ ਬਹੁਤ ਜਤਨ ਕੀਤੇ ਜਾ ਰਹੇ ਹਨ । ਅਲੱਾਹ ਤਆਲਾ ਉਹਨਾਂ ਦੀਆਂ ਸ਼ਰਾਤਾਂ ਤੋਂ ਹਰ ਅਹਮਦੀ ਨੂੰ ਬਚਾਏ ਅਤੇ ਉਹਨਾਂ ਦੀਆਂ ਸ਼ਰਾਰਤਾਂ ਉਹਨਾਂ'ਤੇ ਹੀ ਪਰਤਾਏ ਅਤੇ ਰਬਵਾ ਵਿੱਚ ਅਮਨ ਤੇ ਸ਼ਾਂਤੀ ਬਣੀ ਰਹੇ । ਪ੍ਰਬੰਧਕਾਂ ਤੇ ਹਕੂਮਤ ਨੂੰ ਵੀ ਅਲੱਾਹ ਤਆਲਾ ਅਕਲ ਤੇ ਸੋਝੀ ਬਖਸ਼ੇ ਕਿ ਉਹ ਸਹੀ ਤਰੀਕੇ ਨਾਲ ਮਾਮਲੇ ਨੂੰ ਸੰਭਾਲ ਸਕਣ ।

ਇਸੇ ਪ੍ਰਕਾਰ ਮੁਸਲਮਾਨ ਦੁਨੀਆ ਅਤੇ ਯੂਰੋਪ ਵਿੱਚ ਰਹਿਣ ਵਾਲੇ ਮੁਸਲਮਾਨਾ ਲਈ ਵੀ ਦੁਆ ਕਰੋ । ਫ਼੍ਰਾਂਸ ਵਿੱਚ ਇਕ ਅਤਿਆਚਾਰੀ ਘਟਣਾ ਵਾਪਰੀ ਹੈ ਅਤੇ ਇਸਲਾਮ ਅਤੇ ਹਜਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਨਾਂ'ਤੇ ਜਿਸ ਇਸਲਾਮ ਦੀ ਸਿੱਖਿਆ ਦਾ ਦੂਰ ਦਾ ਵੀ ਨਾਤਾ ਨਹੀਂ ਹੈ ਕਾਨੂਨ ਹੱਥ ਵਿੱਚ ਲੈਕੇ ਕਿਸੇ ਨੂੰ ਇਸ ਪ੍ਰਕਾਰ ਮਾਰਨਾ ਕਤਲ ਕਰਨਾ, ਇਹ ਅਸੀਂ ਸਦਾ ਹੀ ਕਹਿੰਦੇ ਹਾਂ ਕਿ ਇਸਲਾਮ ਦੀ ਸਿੱਖਿਆ ਦਾ ਇਸ ਨਾਲ ਦੂਰ ਦਾ ਵਾਸਤਾ ਨਹੀਂ ਹੈ ਅਤੇ ਸਿੱਧ ਕਰਦੇ ਹਾਂ ਪਰ ਫਿਰ ਵੀ ਨਾਂ ਨਿਹਾਦ ਮੁਸਲਮਾਨ ਤੰਜ਼ੀਮਾ ਆਪਣੀਆਂ ਹਰਕਤਾਂ ਅਤੇ ਇਹਨਾਂ ਅਤਿਆਚਾਰਾਂ ਤੋਂ ਬਾਜ਼ ਨਹੀਂ ਆਉਂਦੇ । ਇਸ ਦੇ ਸਿੱਟੇ ਵਿੱਚ ਏਥੇ ਮੁਸਲਮਾਨਾਂ ਨੂੰ ਵੀ ਜੋ ਇਹਨਾਂ ਦੇਸ਼ਾਂ ਦੇ ਸਥਾਨੀ ਲੋਕਾਂ ਦੇ ਗ਼ਲਤ ਪ੍ਰਤੀਕ੍ਰਿਆ ਦਾ ਸਾਹਮਣੇ ਹੋ ਸਕਦਾ ਹੈ ਅਤੇ ਕੇਵਲ ਇਹੋ ਹੀ ਨਹੀਂ ਇਸ ਦੀ ਪ੍ਰਤੀਕਿਆ ਵਿੱਚ ਇਹ ਅਖ਼ਬਾਰ ਜਿਸ ਦੇ ਵਿਰੁਧ ਕਾਰਵਾਈ ਹੋਈ ਹੈ, ਇਹ ਅਖ਼ਬਾਰ ਵੀ ਅਤੇ ਏਥੋਂ ਦੇ ਲੋਕ ਵੀ ਅਤੇ ਏਥੋਂ ਦਾ ਪ੍ਰੈਸ ਵੀ ਗ਼ਲਤ ਪ੍ਰਤੀਕਿਆ ਦਿਖਾ ਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਪਵਿੱਤਰ ਵੁਜੂਦ ਉਪੱਰ ਹਮਲੇ ਕਰ ਸਕਦੇ ਹਨ । ਪਰ ਜੇਕਰ ਗ਼ਲਤ ਪ੍ਰਤੀਕ੍ਰਿਆ ਹੋਈ ਤਾਂ ਮੁਸਲਮਾਂਨ ਜਿੰਨ੍ਹਾ ਨੂੰ ਸਮਝਾਉਣ ਵਾਲਾ ਕੋਈ ਨਹੀਂ ਹੈ ਉਹ ਵੀ ਫਿਰ ਪ੍ਰਤੀਕ੍ਰਿਆ ਦਿਖਾਉਣ ਗੇ ਅਤੇ ਇੰਝ ਫ਼ਸਾਦ ਤੇ ਉਪਦੱਰ ਵਧੱਦਾ ਜਾਵੇਗਾ । ਇਸ ਦਾ ਬਹੁਤਾ ਖ਼ਤਰਾ ਹੈ । ਅੱਜ ਜਮਾਤ ਅਹਮਦੀਆ ਦੇ ਲੋਕਾਂ ਦਾ ਹੀ ਕੰਮ ਹੈ ਕਿ

ਦੋਹਾਂ ਵੱਲੋਂ ਜ਼ੁਲਮਾਂ ਤੋਂ ਬਚਾਉਣ ਲਈ ਦੁਆਵਾਂ ਕਰਨ । ਇਸੇ ਪ੍ਰਕਾਰ ਦੁਰੂਦ ਸ਼ਰੀਫ਼ ਇਹਨਾਂ ਦਿਨਾਂ ਵਿੱਚ ਬਹੁਤ ਪੜ੍ਹਨ ਵੱਲ ਧਿਆਨ ਦੇਣ ਅਤੇ ਜੋ ਆਪਣੇ ਦਾਇਰੇ ਵਿੱਚ ਅਮਨ ਦਾ ਵਾਤਾਵਰਣ ਪੈਦਾ ਕਰਨ ਲਈ ਜਤਨ ਕਰ ਸਕਦੇ ਹਨ ਉਹਨਾਂ ਨੂੰ ਵੀ ਜਤਨ ਕਰਨਾ ਚਾਹੀਦਾ ਹੈ । ਅਲੱਾਹ ਤਆਲਾ ਦੁਨੀਆਂ ਨੂੰ ਫ਼ਸਾਦਾ ਦੀ ਅਵਸਥਾ ਨੋਂ ਮੁਕਤੀ ਪ੍ਰਦਾਨ ਕਰੇ ਅਤੇ ਛੇਤੀ ਹੀ ਵਾਤਾਵਰਣ ਅਮਨ ਵਿੱਚ ਬਦਲ ਜਾਏ । ਆਮੀਨ ।


**Khulasa Khutba 09.01.2014**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131